# ਕਾਲਜ ਬਾਊਂਡ ਸੰਬੰਧੀ ਮਿਥਿਹਾਸ ਅਤੇ ਤੱਥ

| ਮਿਥਿਹਾਸ | ਤੱਥ |
|---|---|
| ਕਾਲਜ ਬਾਊਂਡ (College Bound) ਇੱਕ ਵਜ਼ੀਫਾ ਹੈ। | ਇਹ ਰਾਜ ਦਾ ਵਿੱਤੀ ਸਹਾਇਤਾ ਪ੍ਰੋਗਰਾਮ ਹੋਰ ਸਹਾਇਤਾ (ਜਿਵੇਂ ਕਿ Washington ਕਾਲਜ ਗ੍ਰਾਂਟ (Washington College Grant)) ਨਾਲ ਮਿਲ ਕੇ ਕਾਲਜ ਦੇ ਕੁਝ ਖਰਚੇ ਕਵਰ ਕਰਨ ਵਿੱਚ ਮਦਦ ਕਰਦਾ ਹੈ। |
| ਕਾਲਜ ਬਾਊਂਡ (College Bound) ਹਰ ਚੀਜ਼ ਲਈ ਭੁਗਤਾਨ ਕਰਦਾ ਹੈ: ਫੀਸ, ਰਹਿਣ-ਸਹਿਣ, ਕਿਤਾਬਾਂ, ਭੋਜਨ ਆਦਿ। | ਕਾਲਜ ਬਾਊਂਡ (College Bound) ਸਿੱਖਿਆ, ਕੁਝ ਫੀਸਾਂ ਅਤੇ ਕਿਤਾਬਾਂ ਲਈ ਥੋੜ੍ਹੀ ਰਕਮ ਦੇਣ ਵਿੱਚ ਮਦਦ ਕਰ ਸਕਦਾ ਹੈ। ਇਹ ਕਾਲਜ ਦੇ ਸਾਰੇ ਖਰਚੇ ਕਵਰ ਨਹੀਂ ਕਰਦਾ ਹੈ। |
| ਮੈਂ ਸਿਰਫ ਚਾਰ ਸਾਲਾ ਵਾਲੇ ਕਾਲਜਾਂ ਵਿੱਚ ਕਾਲਜ ਬਾਊਂਡ (College Bound) ਫੰਡਾਂ ਦੀ ਵਰਤੋਂ ਕਰ ਸਕਦਾ ਹਾਂ। | ਕਾਲਜ ਬਾਊਂਡ (College Bound) ਨੂੰ Washington ਦੇ 60 ਤੋਂ ਵੱਧ ਸਕੂਲਾਂ ਵਿੱਚ ਵਰਤਿਆ ਜਾ ਸਕਦਾ ਹੈ ਜਿਸ ਵਿੱਚ ਕਮਿਊਨਟੀ ਕਾਲਜ, ਟੈਕਨੀਕਲ ਸਕੂਲ ਅਤੇ ਦੋ ਸਾਲਾ ਅਤੇ ਚਾਰ ਸਾਲਾ ਦੋਹਾਂ ਕਿਸਮਾਂ ਦੇ ਕਾਲਜ ਸ਼ਾਮਲ ਹਨ! |
| ਮੈਨੂੰ ਹਰ ਸਾਲ ਆਪਣੇ ਆਪ ਹੀ ਕਾਲਜ ਬਾਊਂਡ (College Bound) ਫੰਡ ਮਿਲ ਜਾਣਗੇ। | ਤੁਸੀਂ ਆਪਣੇ ਹਾਈ ਸਕੂਲ ਦੇ ਆਖਰੀ ਸਾਲ ਤੋਂ ਸ਼ੁਰੂ ਕਰਦੇ ਹੋਏ ਅਤੇ ਹਰ ਸਾਲ ਜਦੋਂ ਤੁਸੀਂ ਕਾਲਜ ਵਿੱਚ ਪੜ੍ਹ ਰਹੇ ਹੋ ਤਾਂ ਤੁਹਾਨੂੰ FAFSA (Free Application for Federal Student Aid, ਫੈਡਰਲ ਵਿਦਿਆਰਥੀ ਸਹਾਇਤਾ ਲਈ ਮੁਫ਼ਤ ਅਰਜ਼ੀ) ਜਾਂ WASFA (Washington Application for State Financial Aid, Washington ਰਾਜ ਦੀ ਵਿੱਤੀ ਸਹਾਇਤਾ ਲਈ ਅਰਜ਼ੀ) ਜਮ੍ਹਾਂ ਕਰਵਾਉਣੀ ਲਾਜ਼ਮੀ ਹੈ ਅਤੇ ਯੋਗਤਾ ਬਰਕਰਾਰ ਰੱਖਣ ਲਈ ਤੁਹਾਨੂੰ ਪਰਿਵਾਰਕ ਆਮਦਨ, ਨਿਵਾਸ ਅਤੇ ਅਕਾਦਮਿਕ ਤਰੱਕੀ ਨਾਲ ਸਬੰਧਤ ਪ੍ਰੋਗਰਾਮ ਦੇ ਨਿਯਮਾਂ ਦੀ ਪਾਲਣਾ ਵੀ ਕਰਨੀ ਪਵੇਗੀ। |
| ਮੈਂ ਸਿਰਫ ਚਾਰ ਸਾਲਾਂ ਲਈ ਕਾਲਜ ਬਾਊਂਡ (College Bound) ਦੀ ਵਰਤੋਂ ਕਰ ਸਕਦਾ ਹਾਂ। | ਯੋਗ ਵਿਦਿਆਰਥੀ ਛੇ ਸਾਲਾਂ ਤੱਕ ਕਾਲਜ ਬਾਊਂਡ (College Bound) ਦੀ ਵਰਤੋਂ ਕਰ ਸਕਦੇ ਹਨ (18 ਤਿਮਾਹੀਆਂ ਜਾਂ 12 ਸੈਮੇਸਟਰਾਂ) ਤੱਕ ਜਾਂ ਬੈਚਲਰ ਦੀ ਡਿਗਰੀ ਹਾਸਲ ਕਰਨ ਤੱਕ, ਜੋ ਵੀ ਪਹਿਲਾਂ ਆਵੇ। ਵਿਦਿਆਰਥੀਆਂ ਨੂੰ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਦੇ ਇੱਕ ਸਾਲ ਦੇ ਅੰਦਰ ਸਕੂਲ ਜਾਂ ਟਰੇਨਿੰਗ ਵਿੱਚ ਦਾਖਲਾ ਲੈਣਾ ਲਾਜ਼ਮੀ ਹੈ। |
| ਜੇਕਰ ਮੇਰੇ ਕੋਲ ਦਸਤਾਵੇਜ਼ ਨਹੀਂ ਹਨ ਤਾਂ ਮੈਨੂੰ ਕਾਲਜ ਬਾਊਂਡ (College Bound) ਨਹੀਂ ਮਿਲ ਸਕਦਾ ਹੈ। | ਜੇਕਰ ਤੁਸੀਂ ਪ੍ਰੋਗਰਾਮ ਅਤੇ ਰਾਜ ਨਿਵਾਸ ਦੇ ਨਿਯਮਾਂ ਨੂੰ ਪੂਰਾ ਕਰਦੇ ਹੋ ਤਾਂ ਤੁਸੀਂ ਕਾਲਜ ਬਾਊਂਡ (College Bound) ਪ੍ਰਾਪਤ ਕਰ ਸਕਦੇ ਹੋ! FAFSA ਦੀ ਥਾਂ ਸਿਰਫ਼ WASFA ਭਰੋ। |
| ਜੇਕਰ ਮੈਂ ਹਾਈ ਸਕੂਲ ਤੋਂ ਬਾਅਦ ਬਰੇਕ ਲੈਂਦਾ ਹਾਂ ਤਾਂ ਮੈਂ ਕਾਲਜ ਬਾਊਂਡ (College Bound) ਦੀ ਵਰਤੋਂ ਨਹੀਂ ਕਰ ਸਕਦਾ ਹਾਂ। | ਤੁਸੀਂ ਇੱਕ ਸਾਲ ਦਾ ਗੈਪ ਲੈ ਸਕਦੇ ਹੋ! ਸਿਰਫ਼ ਇਹ ਯਕੀਨੀ ਬਣਾਓ ਕਿ ਤੁਸੀਂ ਹਾਈ ਸਕੂਲ ਦੀ ਗ੍ਰੈਜੂਏਸ਼ਨ ਤੋਂ ਬਾਅਦ ਇੱਕ ਸਾਲ ਦੇ ਅੰਦਰ-ਅੰਦਰ ਕਾਲਜ ਵਿੱਚ ਦਾਖਲਾ ਲਓ। |

College Bound
WASHINGTON


**ਹੋਰ ਜਾਣਕਾਰੀ ਲਈ ਜਾਂ ਇਹ ਜਾਂਚਣ ਲਈ ਕਿ ਕੀ ਤੁਸੀਂ ਯੋਗ ਹੋ**
collegebound.wa.gov
collegebound@wsac.wa.gov
888.535.0747, ਵਿਕਲਪ 1